ਨੰ: 13/16/2010-3ਫਫ/

ਪੰਜਾਬ ਸਰਕਾਰ

ਆਮ ਰਾਜ ਪ੍ਰਬੰਧ ਵਿਭਾਗ

(ਸੁਤੰਤਰਤਾ ਸੰਗਰਾਮੀ ਸ਼ਾਖਾ)

ਸੇਵਾ ਵਿਖੇ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ, ਡਵੀਜ਼ਨਾਂ ਦੇ ਕਮਿਸ਼ਨਰਜ਼,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ,
ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼, ਉਪ ਮੰਡਲ ਅਫ਼ਸਰ (ਸਿਵਲ)।

ਮਿਤੀ ਚੰਡੀਗੜ੍ਹ: 28-07-2011

ਵਿਸ਼ਾ:- ਪੰਜਾਬ ਰਾਜ ਵਲੋਂ ਸੁਤੰਤਰਤਾ ਸੰਗਰਾਮੀਆਂ ਨੂੰ ਸਹੂਲਤਾਂ ਦੇਣ ਬਾਰੇ।

---

ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ: 9(13)-3ਪੀ2-84/5822 ਮਿਤੀ 4-4-1985, 16/29/2000-8ਪੀ3/259 ਮਿਤੀ 10-7-2000, 16/57/97-8ਪੀ3/ਸਪੈ: 583 ਮਿਤੀ 27-11-2000, 9(13)-8ਪੀ2-84/6339 ਮਿਤੀ 25-5-1989, 4-212-8ਪੀ111-92/2112 ਮਿਤੀ 18-2-1997, 16/23/96-9ਪੀ3/ਸਪੈਸ਼ਲ-223 ਮਿਤੀ 17-4-2001, 15/3/2006-8ਪੀ3/14 ਮਿਤੀ 6-1-2009, 12/7/2011-3ਫਫ/240-260 ਮਿਤੀ 24-2-2011, 2/113/8ਪੀ2-91/4282 ਮਿਤੀ 24/2/1994, 4/13/8ਪੀ3-95/ਸਪੈਸ਼ਲ-529 ਮਿਤੀ 30-7-2001 ਅਤੇ 4/13/8ਪੀ3-95/ਸਪੈਸ਼ਲ-477 ਮਿਤੀ 24-9-1998 ਦੀ ਲਗਾਤਾਰਤਾ ਵਿਚ।

2. ਸਰਕਾਰ ਵਲੋਂ ਸੁਤੰਤਰਤਾ ਸੰਗਰਾਮੀਆਂ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਦਿਤੀ ਜਾ ਰਹੀ ਸਹੂਲਤਾਂ ਹੇਠ ਅਨੁਸਾਰ ਹੈ :-

ੳ) ਜਿਨ੍ਹਾਂ ਸੁਤੰਤਰਤਾ ਸੰਗਰਾਮੀਆਂ ਨੂੰ ਪੰਜਾਬ ਸਰਕਾਰ/ਭਾਰਤ ਸਰਕਾਰ ਵਲੋਂ ਮਾਨਤਾ ਪ੍ਰਾਪਤ ਲਹਿਰਾ ਵਿਚ ਹਿੱਸਾ ਲੈਣ ਕਾਰਣ ਤਾਮਰ ਪੱਤਰ ਪ੍ਰਾਪਤ ਹੋਇਆ ਜਾਂ ਉਹ ਪੰਜਾਬ ਰਾਜ ਤੋ ਫਰੀਡਮ ਫਾਈਟਰ ਪੈਨਸ਼ਨ ਪ੍ਰਾਪਤ ਕਰਦੇ ਹੋਣ ਕੇਵਲ ਉਨ੍ਹਾਂ ਨੂੰ 60 ਸਾਲ ਦੀ ਉਮਰ ਤੱਕ ਨੌਕਰੀ ਵਿਚ ਮੁੜ ਨਿਯੁਕਤੀ ਅਤੇ ਮਕਾਨਾਂ ਅਤੇ ਪਲਾਟਾਂ ਵਿਚ 2% ਰਾਖਵਾਂਕਰਨ ਦੀ ਸਹੂਲਤ ਦਿਤੀ ਜਾਵੇਗੀ। ਇਹ ਸਹੂਲਤ ਉਨ੍ਹਾਂ ਦੇ ਬੱਚਿਆਂ, ਪੋਤੇ-ਪੋਤਰੀਆਂ ਅਤੇ ਦੋਹਤੇ-ਦੋਹਤੀਆਂ ਨੂੰ ਉਪਲਬਧ ਨਹੀਂ ਹੋਵੇਗੀ।

ਅ) ਰਾਜ ਦੇ ਮੈਡੀਕਲ ਅਤੇ ਟੈਕਨੀਕਲ ਕਾਲਜਾਂ ਵਿਚ ਸੁਤੰਤਰਤਾ ਸੰਗਰਾਮੀਆਂ ਦੇ ਬਚਿਆਂ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਲਈ 1% ਰਾਖਵਾਂਕਰਨ ਕੀਤਾ ਗਿਆ ਹੈ। ਸੁਤੰਤਰਤਾ ਸੰਗਰਾਮੀਆਂ ਦੇ ਲੜਕੇ ਅਤੇ ਲੜਕੀਆਂ ਨੂੰ ਪੋਤਾ-ਪੋਤਰੀ/ਦੋਹਤਾ-ਦੋਹਤੀ ਤੋਂ ਪਹਿਲਾ ਪਹਿਲ ਦਿਤੀ ਜਾਵੇਗੀ। ਲੜਕੇ/ਲੜਕੀਆਂ ਦੇ ਨਾ ਹੋਣ ਦੀ ਸੂਰਤ ਵਿਚ ਇਹ ਸਹੂਲਤ ਪੋਤੇ-ਪੋਤੀਆਂ, ਦੋਹਤੇ-ਦੋਹਤਿਆਂ ਨੂੰ ਦਿਤੀ ਜਾਵੇਗੀ।

ੲ) ਸੁਤੰਤਰਤਾ ਸੰਗਰਾਮੀਆਂ ਦੇ ਬਚਿਆਂ, ਪੋਤੇ-ਪੋਤੀਆਂ, ਦੋਹਤੇ-ਦੋਹਤੀਆਂ ਲਈ ਸਿਧੀ ਭਰਤੀ ਰਾਹੀਂ ਸਰਕਾਰੀ ਨੌਕਰੀ ਵਿਚ ਦਰਜਾ 1, 2, 3 ਅਤੇ 4 ਲਈ 1% ਰਾਖਵਾਂਕਰਨ (ਰੋਸਟਰ ਪੁਆਇੰਟ ਨੰ: 63) ਦਿਤਾ ਜਾਵੇਗਾ। ਸੁਤੰਤਰਤਾ ਸੰਗਰਾਮੀਆਂ ਦੇ ਲੜਕੇ ਅਤੇ ਲੜਕੀਆਂ ਨੂੰ ਪੋਤਾ-

ਪੋਤਰੀ/ਦੋਹਤਾ-ਦੋਹਤੀ ਤੋਂ ਪਹਿਲਾ ਪਹਿਲ ਦਿਤੀ ਜਾਣੀ ਹੈ। ਲੜਕੇ/ਲੜਕੀਆਂ ਦੇ ਨਾ ਹੋਣ ਦੀ ਸੂਰਤ ਵਿਚ ਇਹ ਸਹੂਲਤ ਪੋਤੇ-ਪੋਤੀਆਂ, ਦੋਹਤੇ-ਦੋਹਤਿਆਂ ਨੂੰ ਦਿਤੀ ਜਾਵੇਗੀ।

ਸ) ਸੁਤੰਤਰਤਾ ਸੰਗਰਾਮੀਆਂ/ਉਨ੍ਹਾਂ ਦੀਆਂ ਵਿਧਵਾਵਾਂ ਦੇ ਲੜਕੇ/ਲੜਕੀਆਂ ਦੀ ਸ਼ਾਦੀ ਲਈ 10,000/- ਰੁਪਏ ਦੀ ਗ੍ਰਾਂਟ ਦੇਣ ਦੀ ਸਹੂਲਤ ਦਿਤੀ ਜਾਵੇਗੀ।

ਹ) ਸੁਤੰਤਰਤਾ ਸੰਗਰਾਮੀ, ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀਆ ਵਿਧਵਾਵਾਂ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦੀਆਂ ਅਣ-ਵਿਆਹੀਆਂ ਅਤੇ ਬੇਰੁਜ਼ਗਾਰ ਲੜਕੀਆਂ (ਜਿਨ੍ਹਾਂ ਨੂੰ ਪੈਨਸ਼ਨ ਲੱਗ ਸਕਦੀ ਹੋਵੇ) ਨੂੰ ਪੰਜਾਬ ਪੈਨਸ਼ਨਰਾਂ ਵਾਂਗ ਏਮਜ਼, ਨਵੀਂ ਦਿੱਲੀ, ਪੀ.ਜੀ.ਆਈ. ਚੰਡੀਗੜ੍ਹ ਅਤੇ ਪੰਜਾਬ ਰਾਜ ਦੇ ਅੰਦਰ ਤੇ ਬਾਹਰ ਸਥਿਤ ਪ੍ਰਾਈਵੇਟ ਅਤੇ ਸਰਕਾਰੀ ਹਸਪਤਾਲਾਂ ਤੇ ਮੈਡੀਕਲ ਸੰਸਥਾਵਾਂ (ਜਿਸ ਵਿੱਚ ਪੈਨਸ਼ਨਰਾਂ ਨੂੰ ਇਲਾਜ ਕਰਵਾਉਣ ਦੀ ਸਹੂਲਤ ਪ੍ਰਾਪਤ ਹੈ) ਵਿੱਚ ਇੰਨਡੋਰ ਮਰੀਜ ਦੇ ਤੌਰ ਤੇ ਕਰਵਾਏ ਇਲਾਜ ਤੇ ਆਏ ਖਰਚੇ ਦੀ ਪ੍ਰਤੀ ਪੂਰਤੀ ਕਰਨ ਅਤੇ ਪੰਜਾਬ ਸਰਕਾਰ ਦੀਆਂ ਬੱਸਾ ਵਿਚ ਪੰਜਾਬ ਰਾਜ ਜਾਂ ਉਸ ਤੋਂ ਬਾਹਰ ਮੁਫਤ ਸਫਰ ਕਰਨ ਦੀ ਸਹੂਲਤ ਦਿਤੀ ਜਾਵੇਗੀ। ਜਿਨ੍ਹਾਂ ਸੁਤੰਤਰਤਾ ਸੰਗਰਾਮੀਆਂ ਦੀ ਉਮਰ 65 ਸਾਲ ਤੋਂ ਵਧ ਹੋਵੇ ਉਹ ਆਪਣਾ ਇੱਕ ਅਟੈਡੈਂਟ ਨਾਲ ਲੈਕੇ ਬੱਸਾ ਵਿਚ ਮੁਫਤ ਸਫਰ ਦੀ ਸਹੂਲਤ ਦਾ ਲਾਭ ਲੈਣਗੇ।

ਕ) ਪੰਜਾਬ ਰਾਜ ਦੇ ਸੁਤੰਤਰਤਾ ਸੰਗਰਾਮੀਆਂ ਦੇ ਲੜਕੇ/ਲੜਕੀਆਂ ਜੋ ਸਕੂਲਾਂ, ਕਾਲਜਾਂ ਵਿਚ ਪੜ ਰਹੇ ਹਨ ਨੂੰ ਵਿਦਿਅਕ ਗ੍ਰਾਂਟ (ਜਿਵੇ ਕਿ ਵਜੀਫੇ, ਪੁਸਤਕ, ਗ੍ਰਾਂਟ, ਹੋਸਟਲ ਫੀਸ ਆਦਿ) ਦੀ ਸਹੂਲਤ ਦਿਤੀ ਜਾਵੇਗੀ।

ਖ) ਸੁਤੰਤਰਤਾ ਸੰਗਰਾਮੀਆਂ ਲਈ ਕਿਸਾਨ ਭਵਨ, ਚੰਡੀਗੜ੍ਹ ਵਿਖੇ 5 ਬੈਡ ਰਾਖਵੇ ਰਖੇ ਗਏ ਹਨ।

3. ਜਿਨ੍ਹਾਂ ਸੁਤੰਤਰਤਾ ਸੰਗਰਾਮੀ ਵਲੋਂ ਪੰਜਾਬ ਰਾਜ ਸੁਤੰਤਰਤਾ ਸੰਗਰਾਮੀ ਪੈਨਸ਼ਨ ਪ੍ਰਾਪਤ ਕੀਤੀ ਜਾ ਰਹੀ ਹੈ, ਜਾਂ ਭਾਰਤ ਸਰਕਾਰ/ਪੰਜਾਬ ਸਰਕਾਰ ਵਲੋਂ ਮਾਨਤਾ ਪ੍ਰਾਪਤ ਲਹਿਰਾ ਵਿਚ ਹਿੱਸਾ ਲੈਣ ਕਾਰਣ ਤਾਮਰ ਪੱਤਰ ਮਿਲੀਆ ਹੋਇਆ ਹੋਵੇ ਅਤੇ ਜਿਨ੍ਹਾਂ ਦਾ ਦਫ਼ਤਰੀ ਰਿਕਾਰਡ ਜ਼ਿਲ੍ਹਾਂ ਡਿਪਟੀ ਕਮਿਸ਼ਨਰ ਦੇ ਦਫਤਰ ਵਿਚ ਉਪਲਬਧ ਹੋਵੇ, ਉਨ੍ਹਾਂ ਦੇ ਬੱਚਿਆਂ, ਪੋਤੇ-ਪੋਤਰੀਆਂ ਅਤੇ ਦੋਹਤੇ/ਦੋਹਤੀਆਂ ਨੂੰ ਫਰੀਡਮ ਫਾਈਟਰ ਸਰਟੀਫਿਕੇਟ ਸਬੰਧਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਲੋਂ ਉਪਰੋਕਤ ਸਹੂਲਤਾ ਲਈ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ। ਜਿਨ੍ਹਾਂ ਸੁਤੰਤਰਤਾ ਸੰਗਰਾਮੀਆਂ ਨੇ ਕਿਸੇ ਕਾਰਣ ਪੰਜਾਬ ਰਾਜ ਪੈਨਸ਼ਨ ਜਾਂ ਤਾਮਰ ਪੱਤਰ ਪ੍ਰਾਪਤ ਨਹੀਂ ਕੀਤਾ ਉਨ੍ਹਾਂ ਦੇ ਬੱਚਿਆਂ, ਪੋਤੇ-ਪੋਤਰੀਆਂ ਅਤੇ ਦੋਹਤੇ/ਦੋਹਤੀਆਂ ਨੂੰ ਪੰਜਾਬ ਸਰਕਾਰ ਵਲੋਂ ਫਰੀਡਮ ਫਾਈਟਰ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ।

4. ਭਾਰਤ ਸਰਕਾਰ ਵਲੋਂ ਮਾਨਤਾ ਪ੍ਰਾਪਤ ਲਹਿਰਾਂ ਦੀ ਸੂਚੀ ਅਨੁਲੱਗ 'ੳ' ਅਨੁਸਾਰ ਨੱਥੀ ਹੈ।

ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕੀਤੀ ਜਾਵੇ।

ਵਿਸ਼ੇਸ਼ ਸਕੱਤਰ ਫਰੀਡਮ ਫਾਈਟਰ

ਨੰ: 13/15/2010-3ਫਫ/ 960-62 ਮਿਤੀ, ਚੰਡੀਗੜ੍ਹ 28-07-2011

ਇੱਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ :-

1. ਸਕੱਤਰ, ਪੰਜਾਬ ਪਬਲਿਕ ਸਰਵਿਸ ਕਮਿਸ਼ਨ, ਪਟਿਆਲਾ।
2. ਸਕੱਤਰ ਪੰਜਾਬ ਸੇਵਾਵਾਂ ਚੋਣ ਬੋਰਡ, ਚੰਡੀਗੜ੍ਹ।
3. ਰਾਜ ਦੇ ਸਮੂਹ ਬੋਰਡ ਅਤੇ ਕਾਰਪੋਰੇਸ਼ਨ।

ਵਿਸ਼ੇਸ਼ ਸਕੱਤਰ ਫਰੀਡਮ ਫਾਈਟਰ

ਇੱਕ ਉਤਾਰਾ ਰਾਜ ਦੇ ਸਮੂਹ ਵਿੱਤੀ ਕਮਿਸ਼ਨਰਾਂ, ਪ੍ਰਮੁੱਖ ਸਕੱਤਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਫਰੀਡਮ ਫਾਈਟਰ

ਸੇਵਾ ਵਿਖੇ,

ਸਮੂਹ ਵਿੱਤੀ ਕਮਿਸ਼ਨਰਜ਼,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ।

ਅੰ.ਵਿ.ਪੱ.ਨੰ: 13/15/2010-3ਫਫ/ 963 ਮਿਤੀ, ਚੰਡੀਗੜ੍ਹ 28-07-2011

## LIST OF MOVEMENTS/MUTINIES ETC., RECOGNISED BY THE CENTRAL GOVERNMENT FOR THE PURPOSE OF GRANT OF SAMMAN PENSION

1. Suez Canal Army Revolt in 1943 & Ambala Cantt. Army Revolt in 1943.
2. Jhansi Regiment Case in Army (1940).
3. Rani Jhansi Regiment and Azad Hind of INA (1943-45).
4. Hollwell monument removed/ Movement conducted by Netaji in 1940 at Calcutta.
5. Royal Indian Navy Mutiny, 1946 (prescribed categories org.)
6. Khilafat Movement.
7. Harsha Chhina Mogha Morcha (1946-47).
8. Mopla Rebellion (1921-22).
9. Arya Samaj Movement in the erstwhile Hyderabad State (1947-48).
10. Mudurai Conspiracy Case (1945-47).
11. Border Camp Cases in erstwhile Hyderabad State (1947-48).
12. The Ghaddar Movement.
13. The Gurudwara Reform Movement (1920-25) including:-
    - a) Taran Taran Morcha.
    - b) Nankana Tragedy of February (1920).
    - c) The Golden Temple Ke Affairs (Morcha Chabian Saheb).
    - d) Guru ka Bagh Morcha.
    - e) Babar Akali Movement.
    - f) Jaito Morcha.
    - g) Bhai Pheru Morcha; and
    - h) The Sikh Conspiracy (Golden Temple) of 1924.
14. Praja Mandal Movement in the erstwhile Princely States (1939-49).
15. Kirti Kisan Movement (1927).
16. Navjavan Sabha (1926-31).
17. Quit India Movement (1942).
18. INA and IIL (1942 to 1946).
19. Merger Movement in the former French and Portugueses possessions in India.
20. Peshawar Kand in which members of the Garhwal Rifles took part.
21. Read Leaf Conspiracy Case (1931).
22. Chaura Chauri Kand (1922).
23. Aranya Satyagraha of Karnataka (1939-40).
24. Goa Liberation Movement.
25. Kalipattanam Agitation (1941-42).
26. Kallara-Pangode case.
27. Kadakkal Riot case.
28. Chengannur Riot case.
29. Vattiyoorkavu Conference.
30. Anti-Independent Travancore Movement, 1947.
31. Punnapra-Vayalar Movement
32. Kayyur Movement.
33. Kavumbai Movement.
34. Karivelloor Movement.
35. Morazha Movement
36. Malabar Special Police Strike (MSP Strike).
37. Dadra and Nagar Haveli Movement.
38. Jallianwala Bagh (1919)
39. Kuka Lehar